# ਪੰਜਾਬ ਵਿਧਾਨ ਸਭਾ ਸਕੱਤਰੇਤ

**ਬੁੱਧਵਾਰ, ਮਿਤੀ 29 ਨਵੰਬਰ, 2017 ਨੂੰ ਹੋਣ ਵਾਲੀ ਪੰਜਾਬ ਵਿਧਾਨ ਸਭਾ ਦੀ ਬੈਠਕ ਵਿਚ ਪੁੱਛੇ ਜਾਣ ਵਾਲੇ ਬਿਨਾ ਨਿਸ਼ਾਨ ਵਾਲੇ ਪ੍ਰਸ਼ਨ।**

## ਜੇਲਾਂ ਵਿਚ ਰਾਸ਼ਨ ਦੀ ਖਰੀਦ ਵਿਚ ਹੋਈ ਘੱਪਲੇਬਾਜੀ

133. **ਸਰਦਾਰ ਕੁਲਤਾਰ ਸਿੰਘ ਸੰਧਵਾਂ, ਐਮ.ਐਲ.ਏ.:-** ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

**ੳ)** ਕੀ ਇਹ ਠੀਕ ਹੈ ਕਿ ਸਾਲ 2013 ਤੋਂ ਸਾਲ 2016 ਦਰਮਿਆਨ ਪੰਜਾਬ ਰਾਜ ਦੀਆਂ 29 ਜੇਲਾਂ ਲਈ ਕਈ ਕਰੋੜਾਂ ਰੁਪਏ ਦੇ ਰਾਸ਼ਨ ਦੀ ਖਰੀਦ ਬਿਨਾਂ ਟੈਂਡਰ ਪ੍ਰਾਪਤ ਕੀਤੇ ਬਜਾਰੀ ਭਾਅ ਤੋਂ ਜਿਆਦਾ ਭਾਅ ਤੇ ਕੀਤੀ ਗਈ ਹੈ;

**ਅ)** ਕੀ ਇਹ ਵੀ ਠੀਕ ਹੈ ਕਿ ਉਪਰੋਕਤ ਹੋਈ ਗੜਬੜੀ ਕਾਰਨ ਪੰਜਾਬ ਸਰਕਾਰ ਦੇ ਖਜਾਨੇ ਨੂੰ 100 ਕਰੋੜ ਰੁਪਏ ਦਾ ਵਿੱਤੀ ਨੁਕਸਾਨ ਹੋਇਆ ਹੈ;

**ੲ)** ਜੇਕਰ ਉਪਰੋਕਤ ਭਾਗ (ੳ) ਅਤੇ (ਅ) ਦਾ ਉੱਤਰ ਹਾਂ ਵਿਚ ਹੋਵੇ ਤਾਂ ਇਸ ਵਿੱਤੀ ਨੁਕਸਾਨ ਦੇ ਲਈ ਕਿਹੜੇ ਅਧਿਕਾਰੀ ਜਿੰਮੇਵਾਰ ਹਨ ਅਤੇ ਉਨਾਂ ਦੇ ਖਿਲਾਫ ਕੀਤੀ ਗਈ ਕਾਰਵਾਈ ਸਬੰਧੀ ਦਸਤਾਵੇਜ਼ ਦਿੱਤੇ ਜਾਣ?

## ਬੇਘਰਿਆਂ ਲਈ ਘਰ ਬਨਾਉਣ ਅਤੇ ਪੁਰਾਣੇ ਘਰਾਂ ਦੀ ਮੁਰੰਮਤ ਲਈ ਜਾਰੀ ਕੀਤੀ ਰਕਮ ਵਿਚ ਹੇਰਾ ਫੇਰੀ

134. **ਸਰਦਾਰ ਕੁਲਤਾਰ ਸਿੰਘ ਸੰਧਵਾਂ, ਐਮ.ਐਲ.ਏ.:-** ਕੀ ਪੇਂਡੂ ਵਿਕਾਸ ਅਤੇ ਪੰਚਾਇਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

**ੳ)** ਕੀ ਇਹ ਠੀਕ ਹੈ ਕਿ ਪੰਜਾਬ ਵਿਚ ਅਕਾਲੀ ਭਾਜਪਾ ਸਰਕਾਰ ਵਲੋਂ ਬੇਘਰਿਆਂ ਲਈ ਘਰ ਬਣਾਉਣ ਜਾਂ ਪੁਰਾਣੇ ਘਰਾਂ ਦੀ ਮੁਰੰਮਤ ਕਰਵਾਉਣ ਲਈ ਜਾਰੀ ਕੀਤੇ ਗਏ ਕਰੋੜਾਂ ਰੁਪਈਆਂ ਵਿਚ ਵੱਡੀ ਪੱਧਰ ਤੇ ਹੇਰਾ ਫੇਰੀਆਂ ਹੋਈਆਂ ਸਨ ਅਤੇ ਇਸ ਬਾਰੇ ਵੱਖ-ਵੱਖ ਜ਼ਿਲ੍ਹਿਆਂ ਵਿਚ ਪੜਤਾਲ ਕਰਨ ਦੇ ਹੁਕਮ ਜਾਰੀ ਕੀਤੇ ਗਏ ਸਨ;

**ਅ)** ਜੇਕਰ ਅਜਿਹਾ ਹੋਵੇ ਤਾਂ ਪੜਤਾਲ ਅਧੀਨ ਲਿਆਂਦੇ ਗਏ ਵਿਧਾਨ ਸਭਾ ਹਲਕੇ ਅਤੇ ਉਨ੍ਹਾਂ ਨੂੰ ਜਾਰੀ ਕੀਤੀ ਗਈ ਗਰਾਂਟ ਦੇ ਵੇਰਵੇ ਦਿੱਤੇ ਜਾਣ;

**ੲ)** ਉਪਰੋਕਤ ਭਾਗ (ੳ) ਵਿਚ ਦਿੱਤੇ ਗਏ ਹੁਕਮਾਂ ਦੀ ਪਾਲਣਾ ਵਿਚ ਪ੍ਰਾਪਤ ਹੋਈਆਂ ਪੜਤਾਲੀਆ ਰਿਪੋਰਟਾਂ ਦੀ ਨਕਲ ਦਿੱਤੀ ਜਾਵੇ?

## ਬੇਘਰਿਆਂ ਲਈ ਘਰ ਬਨਾਉਣ ਅਤੇ ਘਰਾਂ ਦੀ ਮੁਰੰਮਤ ਲਈ ਜਾਰੀ ਕੀਤੀ ਰਾਸ਼ੀ ਵਿਚੋਂ ਅਣਵਰਤੀ ਰਾਸ਼ੀ ਦਾ ਵੇਰਵਾ

135. **ਸਰਦਾਰ ਕੁਲਤਾਰ ਸਿੰਘ ਸੰਧਵਾਂ, ਐਮ.ਐਲ.ਏ.:-** ਕੀ ਪੇਂਡੂ ਵਿਕਾਸ ਅਤੇ ਪੰਚਾਇਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

**ੳ)** ਪੰਜਾਬ ਦੇ ਹਰੇਕ ਵਿਧਾਨ ਸਭਾ ਹਲਕੇ ਵਿਚ ਬੇਘਰਿਆਂ ਲਈ ਘਰ ਬਣਾਉਣ ਜਾਂ ਮੁਰੰਮਤ ਕਰਨ ਲਈ ਅਕਾਲੀ ਭਾਜਪਾ ਸਰਕਾਰ ਵਲੋਂ ਜਾਰੀ ਕੀਤੀ ਗਈ ਰਾਸ਼ੀ ਵਿਚੋਂ ਕਿੰਨੀ ਰਾਸ਼ੀ ਮੌਜੂਦਾ ਨਵੀਂ ਸਰਕਾਰ ਦੇ ਹੋਂਦ ਵਿਚ ਆਉਣ ਤੇ ਅਣਵਰਤੀ ਪਈ ਸੀ;

**ਅ)** ਕੀ ਉਪਰੋਕਤ ਅਣਵਰਤੀ ਰਾਸ਼ੀ ਨਵੀਂ ਗਠਿਤ ਪੰਜਾਬ ਸਰਕਾਰ ਵਲੋਂ ਸਬੰਧਤ ਜ਼ਿਲ੍ਹਿਆਂ/ਅਧਿਕਾਰੀਆਂ ਨੂੰ ਵਾਪਸ ਜਮਾਂ ਕਰਵਾਉਣ ਲਈ ਹੁਕਮ ਜਾਰੀ ਕੀਤੇ ਸਨ ਜਾਂ ਇਸ ਨੂੰ ਖਰਚ ਕਰਨ ਲਈ ਆਗਿਆ ਦੇ ਦਿੱਤੀ ਗਈ ਸੀ; ਜੇਕਰ ਹਾਂ ਤਾਂ ਸਬੰਧਤ ਪੱਤਰਾਂ ਦੀਆ ਨਕਲਾਂ ਦਿੱਤੀਆਂ ਜਾਣ;

**ੲ)** ਕੀ ਇਹ ਠੀਕ ਹੈ ਕਿ ਇਕੱਲੇ ਵਿਧਾਨ ਸਭਾ ਹਲਕਾ ਮਲੋਟ ਵਿਚ ਸਰਕਾਰ ਵਲੋਂ ਬੇਘਰਿਆ ਜਾਂ ਘਰਾਂ ਦੀ ਮੁਰੰਮਤ ਕਰਵਾਉਣ ਲਈ ਵੱਡੇ ਪੱਧਰ ਤੇ ਅਰਜੀਆਂ ਪ੍ਰਾਪਤ ਕੀਤੀਆਂ ਗਈਆਂ ਹਨ;

**ਸ)** ਜੇਕਰ ਉਪਰੋਕਤ ਭਾਗ (ੲ) ਦਾ ਉੱਤਰ ਹਾਂ ਵਿਚ ਹੈ ਤਾਂ ਇਕੱਲਾ ਵਿਧਾਨ ਸਭਾ ਹਲਕਾ ਮਲੋਟ ਹੀ ਚੁੱਣੇ ਜਾਣ ਦੇ ਕੀ ਕਾਰਨ ਹਨ ਅਤੇ ਇਸ ਦੇ ਚੁਣੇ ਜਾਣ ਲਈ ਕੀ ਮਾਪਦੰਡ ਅਪਣਾਇਆ ਗਿਆ ਹੈ?

**ਚੰਡੀਗੜ੍ਹ**
**ਮਿਤੀ 28 ਨਵੰਬਰ, 2017**

**ਸ਼ਸ਼ੀ ਲਖਨਪਾਲ ਮਿਸ਼ਰਾ,**
**ਸਕੱਤਰ,**
**ਪੰਜਾਬ ਵਿਧਾਨ ਸਭਾ।**